B.C.M.SCHOOL,BASANT AVENUE, DUGRI, LUDHIANA

ਜਮਾਤ ਸੱਤਵੀਂ ਵਿਸ਼ਾ ਪੰਜਾਬੀ

## ਅਣਡਿੱਠਾ ਪੈਰਾ

ਘੜੇ ਦਾ 'ਸ਼ਰੀਕ' ਫਰਿੱਜ ਜਾਂ ਵਾਟਰ ਕੂਲਰ ਨੂੰ ਹੀ ਕਿਹਾ ਜਾ ਸਕਦਾ ਹੈ। ਫਰਿੱਜ ਨਾਲੋਂ ਘੜੇ ਦਾ ਪਾਣੀ ਕਈ ਗੱਲਾਂ ਵਿੱਚ ਉਪਯੋਗੀ ਮੰਨਿਆ ਜਾਂਦਾ ਹੈ। ਜੇ ਰਾਤ ਨੂੰ ਭਰੇ ਪਾਣੀ ਦੇ ਘੜੇ ਵਿੱਚੋਂ ਸਵੇਰੇ ਉੱਠਦਿਆਂ ਹੀ ਦੋ ਤਿੰਨ ਗਲਾਸ ਪਾਣੀ ਪੀ ਲਏ ਜਾਣ ਤਾਂ ਸਰੀਰ ਤੰਦਰੁਸਤ ਰਹਿੰਦਾ ਹੈ। ਵਿਅਕਤੀ ਹਲਕਾ ਫੁਲਕਾ ਮਹਿਸੂਸ ਕਰਦਾ ਹੈ। ਘੜੇ ਦਾ ਪਾਣੀ ਹਰ ਰੁੱਤ ਵਿੱਚ ਪੀਤਾ ਜਾ ਸਕਦਾ ਹੈ। ਸਰਦੀ ਦੇ ਮੌਸਮ ਵਿੱਚ ਘੜੇ ਦਾ ਪਾਣੀ ਠਾਰ ਭੰਨ ਕੇ ਪੀਤਾ ਜਾ ਸਕਦਾ ਹੈ। ਕਹਿੰਦੇ ਹਨ ਕਿ ਸਾਡਾ ਸਰੀਰ ਪੰਜ ਤੱਤਾ:- ਮਿੱਟੀ,ਹਵਾ, ਪਾਣੀ,ਅਗਨੀ ਤੇ ਆਕਾਸ਼ ਦਾ ਬਣਿਆ ਹੋਇਆ ਹੈ। ਘੜੇ ਦੇ ਪਾਣੀ ਵਿੱਚ ਸਾਰੇ ਤੱਤ ਸੁਭਾਵਿਕ ਹੀ ਇੱਕ-ਮਿਕ ਹੋਏ ਮਿਲਦੇ ਹਨ। ਘੜੇ ਦਾ ਜਨਮ ਤਾਂ ਮਿੱਟੀ ਵਿੱਚੋਂ ਹੁੰਦਾ ਹੈ। ਪਾਣੀ ਨਾਲ ਗੁੰਨ ਕੇ ਖੁੱਲੇ ਆਕਾਸ਼ ਹੇਠ ਚੱਕ ਤੇ ਪੌਣ ਦੇ ਮਿੱਠੇ ਹਿਲੋਰਿਆਂ ਨਾਲ ਕਾਰੀਗਰ ਮਿੱਟੀ ਵਿੱਚ ਜਾਨ ਪਾਉਂਦਾ ਹੈ। ਅਗਨੀ ਘੜੇ ਨੂੰ ਪਕਾਉਂਦੀ ਹੈ।

ਉਪਰੋਕਤ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

ਪ੍ਰ:-ਫਰਿੱਜ ਜਾਂ ਵਾਟਰ ਕੂਲਰ ਦਾ ਸ਼ਰੀਕ ਹੈ?

1.ਘੜਾ 2.ਬਾਲਟੀ 3.ਟੱਬ 4. ਕੋਈ ਨਹੀਂ

ਪ੍ਰ:-ਸਾਡਾ ਸਰੀਰ ਕਿੰਨੇ ਤੱਤਾਂ ਨਾਲ ਬਣਿਆ ਹੋਇਆ ਹੈ?

1.ਚਾਰ 2.ਪੰਜ 3.ਸੱਤ 4.ਛੇ

ਪ੍ਰ:-ਘੜੇ ਦਾ ਜਨਮ ਕਿਸ ਵਿੱਚੋਂ ਹੋਇਆ ਹੈ?

1.ਰੇਤ ਵਿੱਚੋਂ 2.ਸੀਮੈਂਟ ਵਿੱਚੋਂ 3.ਮਿੱਟੀ ਵਿੱਚੋਂ। 4.ਕੋਈ ਨਹੀਂ

ਪ੍ਰ:-ਘੜੇ ਨੂੰ ਕੌਣ ਪਕਾਉਂਦਾ ਹੈ?

1.ਪਾਣੀ 2.ਅਗਨੀ 3.ਹਵਾ 4.ਇਹਨਾਂ ਵਿੱਚੋਂ ਕੋਈ ਵੀ ਨਹੀਂ

ਪ੍ਰ:-ਮਿੱਟੀ ਵਿੱਚ ਜਾਨ ਕੌਣ ਪਾਉਂਦਾ ਹੈ?

1.ਰਾਜਮਿਸਤਰੀ 2.ਕਾਰੀਗਰ 3.ਤਰਖਾਣ 4.ਲੁਹਾਰ

## ਅਣਡਿੱਠੀ ਕਾਵਿ ਟੁਕੜੀ

ਇਸ ਅਦਾਲਤ ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ।
ਆਖੋ ਇਹਨਾਂ ਨੂੰ ਉਜੜੇ ਘਰੀ ਜਾਣ ਹੁਣ
ਇਹ ਕਦੋਂ ਤੀਕ ਇੱਥੇ ਖੜੇ ਰਹਿਣਗੇ।

ਉਪਰੋਕਤ ਕਾਵਿ ਟੁਕੜੀ ਨੂੰ ਪੜ੍ਹੋ ਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

ਪ੍ਰ:-ਕਵੀ ਅਨੁਸਾਰ ਬੰਦੇ ਕਿੱਥੇ ਬਿਰਖ ਹੋ ਗਏ?

ਪ੍ਰ:-ਲੋਕਾਂ ਨੂੰ ਉਜੜੇ ਘਰੀ ਜਾਣ ਲਈ ਕਿਉਂ ਕਿਹਾ ਗਿਆ ਹੈ?

ਪ੍ਰ:-ਫੈਸਲੇ ਸੁਣਦਿਆਂ ਸੁਣਦਿਆਂ ਕੌਣ ਸੁੱਕ ਗਏ ਹਨ?

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

ਪ੍ਰ:-ਪਾਰਸ ਦਾ ਕੀ ਅਰਥ ਹੁੰਦਾ ਹੈ?

ਪ੍ਰ:- ਸ਼ਹਿਰ ਦੇ ਮੁਖੀ ਨੂੰ ਕੀ ਕਹਿੰਦੇ ਹਨ ?

ਪ੍ਰ:-ਕ੍ਰਿਸ਼ਨ ਜੀ ਨੂੰ ਕਿੱਥੇ ਤੇ ਕਿਨ੍ਹਾਂ ਨੇ ਪਾਲਿਆ?

ਪ੍ਰ:-ਉਸ ਦੋਧਣ ਨੇ ਆਪਣੇ ਬਾਰੇ ਕੀ ਕੀ ਦੱਸਿਆ?

ਪ੍ਰ:-ਮਹਾਰਾਜੇ ਨੇ ਕਾਲ ਪੈਣ ਤੇ ਕੀ ਕੀਤਾ?

ਪ੍ਰ:-'ਬੇਟੀ ਪੜਾਓ' ਵਾਸਤੇ ਸਰਪੰਚ ਨੇ ਕੀ ਕਿਹਾ?

ਪ੍ਰ:-ਵਾਕ ਦੀ ਲਿੰਗ ਬਦਲੀ ਕਰੋ

ਉੱਲੂ ਦਰਖਤ ਤੇ ਬੈਠਾ ਹੈ।

ਪ੍ਰ:-ਵਾਕ ਦੀ ਵਚਨ ਬਦਲੀ ਕਰੋ

ਦੋਧਣ ਦੁੱਧ ਵੇਚ ਰਹੀ ਸੀ।

ਪ੍ਰ:-ਖਤਮ ਦਾ ਵਿਰੋਧੀ ਸ਼ਬਦ ਚੁਣੋ:-

1.ਸ਼ੁਰੂ 2.ਅੰਤ 3.ਸਮਾਪਤ 4.ਮੂਲ

ਪ੍ਰ:-ਯਾਰੀ ਦਾ ਵਿਰੋਧੀ ਸ਼ਬਦ ਚੁਣੋ:-

1.ਦੁਸ਼ਮਣੀ 2.ਪਿਆਰ 3.ਦੋਸਤੀ 4.ਮਿੱਤਰਤਾ

## ਚਿੱਤਰ ਵਰਨਣ



# ਪੈਰਾਂ ਰਚਨਾ

**ਖੇਡਾਂ ਦਾ ਮਹੱਤਵ**

**ਜਾਂ**

**ਮਨ ਜੀਤੈ ਜਗ ਜੀਤੁ**